# ਅੰਬੇਡਕਰ ਟਾਈਮਜ਼


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : chumbermedia@yahoo.com ਸੰਪਾਦਕ : ਤਰਸੇਮ ਜਲੰਧਰੀ

VOL- 5 ISSUE- 23 March 01-15, 2014 www.ambedkartimes.com www.ambedkartimes.org


## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਸੰਗਤਾਂ ਦੇ ਰਿਕਾਰਡ ਤੋੜ ਇਕੱਠ ਨਾਲ ਨਿਊਯਾਰਕ ਵਿਚ ਸੰਪੰਨ




ਰਿਪੋਰਟ ਦੇਖੋ 6 ਸਫਾ ਤੇ ਅਤੇ ਤਸਵੀਰਾਂ 3-4 ਸਫਾ ਤੇ


## ਫਰਿਜ਼ਨੋ ਵਿਖੇ ਸਤਿਗੁਰੂ ਰਵਿਦਾਸ ਜੀ ਦਾ 637ਵਾਂ ਗੁਰਪੁਰਬ ਦਿਹਾੜਾ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ




ਰਿਪੋਰਟ ਦੇਖੋ 6 ਸਫਾ ਤੇ ਅਤੇ ਤਸਵੀਰਾਂ ਦੇਖੋ 15 ਸਫਾ ਤੇ


*ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੀਫੋਰਨੀਆ) ਵਲੋਂ ਸਮੂਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਅਤੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਕਰਾਮੈਂਟੋ ਵਿਖੇ 14ਵੇਂ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ ਲੱਖ ਵਧ-ਾਈਆਂ ਦਿੰਦੇ ਹਾਂ। ਇਸਦੇ ਨਾਲ ਹੀ ਅਸੀਂ ਸਮੂਹ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਅਤੇ ਆਪਣੇ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨਾ ਜੀ।*



ਕਰਨੈਲ ਵਿਰਕ (ਵਾਈਸ ਪ੍ਰਧਾਨ), ਸਤੀਸ਼ ਰੱਲ੍ਹ (ਪ੍ਰਧਾਨ), ਬਲਬੀਰ ਕਲੇਰ (ਚੇਅਰਮੈਨ), ਅਜੀਤ ਰਾਮ ਬੰਗੜ (ਸਲਾਹਕਾਰ) ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ

## ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 9 ਮਾਰਚ ਨੂੰ



ਫਰੀਮਾਂਟ- ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਚੋਣਾਂ 9 ਮਾਰਚ ਨੂੰ ਹੋਣ ਜਾ ਰਹੀਆਂ ਹਨ। ਇਹਨਾਂ ਚੋਣਾਂ ਸਬੰਧੀ ਚੋਣ ਪ੍ਰਚਾਰ ਜ਼ੋਰ ਸ਼ੋਰ ਨਾਲ ਚੱਲ ਰਿਹਾ ਹੈ। ਇਸ ਵਾਰ ਵੀ ਚੋਣਾਂ ਲੜ ਰਹੀਆਂ ਦੋਵੇਂ ਸਲੇਟਾਂ ਸਿੱਖ ਪੰਚਾਇਤ ਅਤੇ ਬੇਅ-ਏਰੀਆ ਸਿੱਖ ਅਲਾਇੰਸ ਅਤੇ ਹੋਰ ਉਮੀਦਵਾਰਾਂ ਨੇ ਆਪਣੀ ਜਿੱਤ ਲਈ ਪੂਰੀ ਤਾਕਤ ਲਗਾਈ ਹੋਈ ਹੈ।

ਆਪੋ ਆਪਣੇ ਹੱਕ ਵਿਚ ਪ੍ਰਚਾਰ ਲਈ ਮੀਟਿੰਗਾਂ ਅਤੇ ਮੀਡੀਆ ਵਿਚ ਪ੍ਰਚਾਰ ਪੂਰੇ ਜ਼ੋਰਾਂ-ਸੋਰਾਂ ਨਾਲ ਕੀਤਾ ਜਾ ਰਿਹਾ ਹੈ ਅਤੇ ਦੋਵੇਂ ਧਿਰਾਂ ਆਪੋ ਆਪਣੀ ਜਿੱਤ ਦਾ ਦਾਅਵਾ ਕਰ ਰਹੀਆਂ ਹਨ।

ਬੇਅ-ਏਰੀਆ ਸਿੱਖ ਅਲਾਇੰਸ ਦੇ ਦੇ ਆਗੂ ਜਸਬੀਰ ਸਿੰਘ ਤੱਖਰ ਅਨੁਸਾਰ ਬੇਅ-ਏਰੀਆ ਸਿੱਖ ਅਲਾਇੰਸ ਨਾਲ ਪਹਿਲਾਂ ਤੋਂ ਵੱਧ ਸਿੱਖ ਆਗੂ ਅਤੇ ਸੰਸਥਾਵਾਂ ਜੁੜ ਰਹੀਆਂ ਹਨ। ਇਸ ਸਬੰਧੀ ਪੇਡ ਇਸ਼ਤਿਹਰ ਪਾਠਕ ਸਾਹਿਬਾਨ ਅੰਦਰ ਪੜ੍ਹ ਸਕਦੇ ਹਨ।

## 9 ਗੇੜਾਂ ਵਿਚ ਹੋਣਗੀਆਂ ਲੋਕ ਸਭਾ ਚੋਣਾਂ

ਨਵੀਂ ਦਿੱਲੀ- ਭਾਰਤੀ ਚੋਣ ਕਮਿਸ਼ਨ ਵੱਲੋਂ ਚੋਣਾਂ ਦੀਆਂ ਤਰੀਕਾਂ ਦਾ ਅੱਜ ਐਲਾਨ ਕਰਨ ਨਾਲ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਗਿਆ ਹੈ। 543 ਲੋਕ ਸਭਾ ਹਲਕਿਆਂ ਲਈ ਵੋਟਾਂ ਪੈਣ ਦਾ ਕੰਮ 7 ਅਪਰੈਲ ਤੋਂ ਸ਼ੁਰੂ ਹੋਵੇਗਾ ਜੋ 9 ਗੇੜਾਂ 'ਚ 12 ਮਈ ਨੂੰ ਮੁਕੰਮਲ ਹੋਏਗਾ। ਚੋਣਾਂ ਦੀਆਂ ਤਰੀਕਾਂ ਦੇ ਐਲਾਨ ਨਾਲ ਆਦਰਸ਼ ਚੋਣ ਜ਼ਾਬਤਾ ਵੀ ਤੁਰੰਤ ਲਾਗੂ ਹੋ ਗਿਆ ਹੈ। ਵੋਟਾਂ ਦੀ ਗਿਣਤੀ 16 ਮਈ ਨੂੰ ਕੀਤੀ ਜਾਵੇਗੀ ਅਤੇ ਸਾਰੇ ਨਤੀਜੇ ਵੀ ਉਸੇ ਦਿਨ ਐਲਾਨੇ ਜਾਣ ਦੀ ਸੰਭਾਵਨਾ ਹੈ। ਮੁੱਖ ਚੋਣ ਕਮਿਸ਼ਨਰ ਵੀ.ਐਸ. ਸੰਪਤ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਇਸ ਵਾਰ 81 ਕਰੋੜ 40 ਲੱਖ ਵੋਟਰ ਹਨ ਜੋ ਆਪਣੇ ਹੱਕ ਦੀ ਵਰਤੋਂ ਕਰਨਗੇ। ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਵੋਟਾਂ 30 ਅਪਰੈਲ ਨੂੰ ਪੈਣਗੀਆਂ। ਇਸੇ ਤਰ੍ਹਾਂ ਹਰਿਆਣਾ ਦੀਆਂ 10, ਦਿੱਲੀ ਦੀਆਂ 7 ਅਤੇ ਚੰਡੀਗੜ੍ਹ ਦੀ ਇਕ ਸੀਟ 'ਤੇ 10 ਅਪਰੈਲ ਨੂੰ ਵੋਟਾਂ ਪੈਣਗੀਆਂ। ਹਿਮਾਚਲ ਪ੍ਰਦੇਸ਼ ਦੀਆਂ ਚਾਰ ਸੀਟਾਂ ਲਈ ਚੋਣਾਂ 7 ਮਈ ਨੂੰ ਹੋਣਗੀਆਂ। ਚੋਣ ਕਮਿਸ਼ਨਰਾਂ ਐਚ.ਐਸ. ਬ੍ਰਹਮਾ ਅਤੇ ਐਸ.ਐਨ.ਏ. ਜ਼ੈਦੀ ਨਾਲ ਮਿਲ ਕੇ ਚੋਣ ਅਮਲ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਸੰਪਤ ਨੇ ਦੱਸਿਆ ਕਿ ਵੋਟਾਂ ਦੇਸ਼ ਭਰ 'ਚ 9 ਗੇੜਾਂ 'ਚ ਪੈਣਗੀਆਂ ਅਤੇ ਅੱਜ ਤੋਂ ਸ਼ੁਰੂ ਹੋਇਆ ਚੋਣ ਅਮਲ 16 ਮਈ ਨੂੰ ਵੋਟਾਂ ਦੀ ਗਿਣਤੀ ਨਾਲ 72 ਦਿਨਾਂ ਅੰਦਰ ਮੁਕੰਮਲ ਹੋਏਗਾ। ਉਨ੍ਹਾਂ ਦੱਸਿਆ ਕਿ ਪਿਛਲੀਆਂ ਲੋਕ ਸਭਾ ਚੋਣਾਂ ਨਾਲੋਂ ਇਸ ਵਾਰ ਦੀ ਪ੍ਰਕਿਰਿਆ 'ਚ ਤਿੰਨ ਦਿਨ ਘੱਟ ਹੋਣਗੇ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੇ ਨਾਲ-ਨਾਲ ਤਿਲੰਗਾਨਾ ਸਮੇਤ ਆਂਧਰਾ ਪ੍ਰਦੇਸ਼, ਉੜੀਸਾ ਅਤੇ ਸਿੱਕਮ ਦੀਆਂ ਵਿਧਾਨ ਸਭਾ ਚੋਣਾਂ ਵੀ ਕਰਵਾਈਆਂ ਜਾਣਗੀਆਂ। ਭਾਰਤੀ ਲੋਕਤੰਤਰ ਦੇ ਇਤਿਹਾਸ 'ਚ ਲੋਕ ਸਭਾ ਚੋਣਾਂ ਨੂੰ ਇਕ ਹੋਰ ਮੀਲ ਪੱਥਰ ਐਲਾਨਦਿਆਂ ਸ੍ਰੀ ਸੰਪਤ ਨੇ ਸਾਰੀਆਂ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਪ੍ਰਚਾਰ ਦੌਰਾਨ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ। ਇਸ ਵਾਰ ਵੀ ਵੋਟਾਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐਮ) ਰਾਹੀਂ ਪਾਈਆਂ ਜਾਣਗੀਆਂ



ਅਤੇ ਵੋਟਰਾਂ ਨੂੰ 'ਇਨ੍ਹਾਂ 'ਚੋਂ ਕੋਈ ਵੀ ਨਹੀਂ (ਨੋਟਾ)' ਦਾ ਅਧਿਕਾਰ ਵੀ ਮਿਲੇਗਾ। ਨੋਟਾ ਦੀ ਸਹੂਲਤ ਪਿਛਲੇ ਸਾਲ ਨਵੰਬਰ-ਦਸੰਬਰ 'ਚ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਦਿੱਤੀ ਗਈ ਸੀ। ਨੋਟਾ ਤਹਿਤ ਈਵੀਐਮ 'ਚ ਉਮੀਦਵਾਰਾਂ ਦੇ ਨਾਵਾਂ ਦੀ ਸੂਚੀ ਦੇ ਅਖੀਰ 'ਚ ਇਹ ਬਟਨ ਲਾਇਆ ਜਾਏਗਾ। ਜੇਕਰ ਕੋਈ ਵੋਟਰ ਆਪਣੇ ਹਲਕੇ ਦੇ ਉਮੀਦਵਾਰਾਂ ਤੋਂ ਨਾਖੁਸ਼ ਹੈ ਤਾਂ ਉਹ ਸਾਰਿਆਂ ਨੂੰ ਰੱਦ ਕਰਦਿਆਂ ਨੋਟਾ ਦੀ ਵਰਤੋਂ ਕਰ ਸਕਦਾ ਹੈ। ਲੋਕ ਸਭਾ ਚੋਣਾਂ ਦਾ ਪਹਿਲਾ ਗੇੜ 7 ਅਪਰੈਲ ਨੂੰ ਹੋਏਗਾ ਅਤੇ ਇਸ ਦਿਨ ਆਸਾਮ ਅਤੇ ਤ੍ਰਿਪੁਰਾ ਦੀਆਂ 6 ਸੀਟਾਂ 'ਤੇ ਵੋਟਾਂ ਪੈਣ-ਗੀਆਂ। ਦੂਜੇ ਗੇੜ 'ਚ 9 ਅਪਰੈਲ ਨੂੰ ਪੰਜ ਸੂਬਿਆਂ ਅਰੁਣਾਚਲ ਪ੍ਰਦੇਸ਼, ਮਨੀਪੁਰ, ਮੇਘਾਲਿਆ, ਮਿਜ਼ੋਰਮ ਅਤੇ ਨਾਗਾਲੈਂਡ ਦੇ 7 ਹਲਕਿਆਂ 'ਚ ਵੋਟਾਂ ਪੈਣਗੀਆਂ। 10 ਅਪਰੈਲ ਨੂੰ ਤੀਜੇ ਗੇੜ 'ਚ 92 ਅਤੇ 12 ਅਪਰੈਲ ਨੂੰ ਪੰਜ ਸੀਟਾਂ 'ਤੇ ਵੋਟਾਂ ਪੈਣਗੀਆਂ। 17 ਅਪਰੈਲ ਨੂੰ 122 ਅਤੇ ਛੇਵੇਂ ਗੇੜ 'ਚ 117 ਸੀਟਾਂ ਤੇ 24 ਅਪਰੈਲ ਨੂੰ ਵੋਟਾਂ ਪੈਣਗੀਆਂ। ਸੱਤਵੇਂ ਗੇੜ 'ਚ 30 ਅਪਰੈਲ ਨੂੰ 89, ਅੱਠਵੇਂ ਗੇੜ 'ਚ 7 ਮਈ ਨੂੰ 64 ਅਤੇ 9ਵੇਂ ਤੇ ਆਖਰੀ ਗੇੜ 'ਚ 12 ਮਈ ਨੂੰ 41 ਹਲਕਿਆਂ 'ਚ ਵੋਟਾਂ ਪਾਈਆਂ ਜਾਣਗੀਆਂ। ਉੱਤਰ ਪ੍ਰਦੇਸ਼ ਦੀਆਂ 80 ਸੀਟਾਂ ਲਈ 10,17,24,30 ਅਪਰੈਲ ਅਤੇ 7 ਮਈ ਤੇ 12 ਮਈ ਨੂੰ ਵੋਟਾਂ ਪੈਣਗੀਆਂ।





MAJESTIC HOMES

RAMESH SUMAN
Broker Realtor
RCS-D ™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

SAROAY INVESTMENT REALTY



Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

# ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਅਤੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਕਰਾਮੈਂਟੋ ਦੇ ਵਿਸ਼ਾਲ ਨਗਰ ਕੀਰਤਨ ਦੀਆਂ ਸਮੂਹ ਸਾਧ ਸੰਗਤ ਨੂੰ **ਲੱਖ ਲੱਖ ਵਧਾਈਆਂ**


**ਆਓ ਆਪਾਂ ਸਾਰੇ ਰਲ- ਮਿਲ ਕੇ 9 ਮਾਰਚ ਨੂੰ ਸੈਕਰਾਮੈਂਟੋ, 16 ਮਾਰਚ ਨੂੰ ਸੈਲਮਾ ਤੇ 30 ਮਾਰਚ ਨੂੰ ਬੇ-ਏਰੀਆ ਵਿਖੇ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।**



**PARMJIT BHUTTA**

(916) 798-9144

CHAIRMAN,
SHRI GURDASS RAM BHUTTA
YADGARI CHERITABLE TRUST,
GARHPADHANA (Nawanshahar)



From Left to right: Mandeep Bhutta, Sandeep Bhutta, Late Gurdass Ram Bhutta, Harpreet Ujagar, Santi Bhutta, Amrit Bhutta, and Ravi Charan Kaur Bhutta

## ਇਕ ਪਰਿਵਾਰਕ ਯਾਦਗਾਰੀ ਤਸਵੀਰ

## Shri Gurdass Ram Bhutta Yadgari Charitable Trust (Regd.)

## Village Garhpadana, (Nawanshahar) SBS Nagar

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਪੁਰਬ ਸੰਗਤਾਂ ਦੀ ਰਿਕਾਰਡ ਤੋੜ ਇਕੱਤਰਤਾ ਨਾਲ ਨਿਊਯਾਰਕ ਵਿਚ ਸੰਪੰਨ


























# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਪੁਰਬ ਸੰਗਤਾਂ ਦੀ ਰਿਕਾਰਡ ਤੋੜ ਇਕੱਤਰਤਾ ਨਾਲ ਨਿਊਯਾਰਕ ਵਿਚ ਸੰਪੰਨ









































ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ

# ‘ਬੇ ਏਰੀਆ ਸਿੱਖ ਅਲਾਇੰਸ’ ਦੇ ਫਾਊਂਡਰਾਂ ਵੱਲੋਂ

## ਫਰੀਮਾਂਟ ਗੁਰੂ ਘਰ ਦੇ ਸਮੂੰਹ ਵੋਟਰਾਂ ਤੇ ਸਪੋਟਰਾਂ ਨੂੰ ਅਪੀਲ

ਫਰੀਮਾਂਟ ਗੁਰੂ ਘਰ ‘ਚ ਅਖੌਤੀ ਸਿੱਖ ਪੰਚਾਇਤ ਦੇ ਡਰਾਮੇਬਾਜਾਂ ਨੇ, ਅਖੌਤੀ ਖਾਲਸਤਾਨੀਆਂ ਨਾਲ ਰੱਲ ਕੇ, ਅਖੌਤੀ ਗੁਰਮੱਤੇ ਦੇ ਡਰਾਮੇ ਹੇਠ, ਸਿੱਖ ਸੰਗਤਾਂ ਨੂੰ ਡਰਾ ਧਮਕਾ ਕੇ, ਵੋਟਰਾਂ ਦੇ ਹੱਕਾਂ ‘ਤੇ ਡਾਕਾ ਮਾਰਨ ਲਈ, 2012 ‘ਚ ਚੋਣ ਪ੍ਰਣਾਲੀ ਨੂੰ ਬੰਦ ਕਰਨ ਦਾ ਕੁਕਰਮ ਕਰਨ ਲਗੇ ਸਨ। ਪਰ ਸਮੇਂ ਸਿਰ ‘ਬੇ ਏਰੀਆ ਸਿੱਖ ਅਲ-ਾਇੰਸ’ ਦੇ ਫਾਉਂਡਰਾਂ, ਸ੍ਰ:ਸੁਦੇਸ਼ ਸਿੰਘ ਅਟਵਾਲ-ਸ੍ਰ:ਜਸਵੀਰ ਸਿੰਘ ਤੱਖਰ-ਸ੍ਰ:ਪਰਮਜੀਤ ਸਿੰਘ ਸੇਖੋਂ ਦਾਖਾ, ਨੂੰ ਪਤਾ ਲੱਗਣ ‘ਤੇ ਅਸੀਂ ਵੋਟਰਾਂ ਦੇ ਹੱਕਾਂ ਦੇ ਪਹਿਰੇਦਾਰ ਬਣ ਕੇ ਆ ਡਟੇ, ਜਿਸ ਕਾਰਨ ਅਖੌਤੀ ਸਿੱਖ ਪੰਚਾਇਤ ਦੇ ਅਖੌਤੀ ਡਰਾਮੇਬਾਜ਼ ਅੱਜ ਤੱਕ ਵੋਟਾਂ ਬੰਦ ਕਰਵਾਉਣ ‘ਚ ਸਫਲਤਾ ਹਾਂਸਲ ਨਹੀਂ ਕਰ ਸਕੇ। ਅਖੌਤੀ ਸਿੱਖ ਪੰਚਾਇਤ ਦੇ ਅਨੇਕਾਂ ਸਾਥੀ ਇਨ੍ਹਾਂ ਦੀ ਅਸਲੀਅਤ ਜਾਨਣ ਤੋਂ ਬਾਅਦ ਇਹਨਾਂ ਦਾ ਸਾਥ ਛੱਡ ਕੇ ‘ਬੇ ਏਰੀਆ ਸਿੱਖ ਅਲਾਇੰਸ’ ਦੇ ਸਾਥੀ ਬਣ ਗਏ ਹਨ। ਅਸੀਂ ਉਹਨਾਂ ਨੂੰ ਜੀ ਆਇਆਂ ਕਹਿੰਦੇ ਹਾਂ।

ਸਿੱਖ ਸਿਧਾਂਤਾਂ ਅਤੇ ਸਿੱਖ ਵੋਟਰਾਂ ਦੇ ਹੱਕਾਂ ਦੇ ਪਹਿਰੇਦਾਰ ਬਣਨ ਕਰਕੇ, ਅਖੌਤੀ ਸਿੱਖ ਪੰਚਾਇਤ ਦੇ ਦਹਿਸ਼ਤਗਰਦਾਂ ਨੇ ਸਾਨੂੰ ਹਰ ਤਰੀਕੇ ਡਰਾਉਣ ਧਮਕਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਅਤੇ ਇਹ ਲੋਕ ਸਾਡੇ ‘ਤੇ ਐਲਸਬਰਾਂਟੇ ਗੁਰੂ ਘਰ ਵਿਖੇ ਹਮਲਾਵਰ ਬਣ ਕੇ ਵੀ ਆਏ ਅਤੇ ਸਾਡੇ ਵਿਚਾਰਾਂ ਨੂੰ ਤੁਹਾਡੇ ਤੱਕ ਪਹੁੰਚਣ ਤੋਂ ਰੋਕਣ ਲਈ, ਪੰਜਾਬ ਵਿਚਲੀਆਂ ਅੱਤਵਾਦੀ ਕਾਰਵਾਈਆਂ ਨਾਲ ਮਿਲਦੀ ਜੁਲਦੀ ਕਾਰਵਾਈ ਸਾਂਝੀ ਸੋਚ ਅਖਬਾਰ ਤੇ ਵੀ ਕੀਤੀ ਗਈ।

ਸਾਡੇ ਵੱਲੋਂ ਸਮੂੰਹ ਵੋਟਰਾਂ ਨੂੰ ਪੁਰਜੋਰ ਅਪੀਲ ਹੈ ਕਿ ਫਰੀਮਾਂਟ ਗੁਰੂ ਘਰ ਵਿਖੇ ਸਵੇਰੇ 8 ਵਜੇ ਤੋਂ ਲੈ ਕੇ ਸ਼ਾਂਮੀਂ 8 ਵੱਜੇ ਤੱਕ-9 ਮਾਰਚ ਦਿਨ ਐਤਵਾਰ 2014 ਨੂੰ, ਆਉ ਆਪਾਂ ਸਭ ਰਲ ਮਿਲ ਕੇ, ਅਖੌਤੀ ਸਿੱਖ ਪੰਚਾਇਤ ਦੇ ਦਹਿਸ਼ਤਗਰਦੀ ਭਰੇ ਮਹੌਲ ਨੂੰ ਨੱਥ ਪਾਉਣ ਲਈ, ‘ਬੇ ਏਰੀਆ ਸਿੱਖ ਅਲਾਇੰਸ’ ਦੀ ਸਲੇਟ ਦੇ ਉਮੀਦਵਾਰ, ਭਾਈ ਅਵਤਾਰ ਸਿੰਘ ਧਾਮੀ-ਭਾਈ ਹਰਚਰਨ ਸਿੰਘ-ਬੀਬੀ ਰਣਬੀਰ ਕੌਰ-ਭਾਈ ਜਸਵੰਤ ਸਿੰਘ-ਭਾਈ ਗੁਰਚਰਨ ਸਿੰਘ ਮਾਨ ਨੂੰ ਭਾਰੀ ਗਿਣਤੀ ‘ਚ ਵੋਟਾਂ ਪਾ ਕੇ ਜਿਤਾਉ, ਮੌਜੂਦਾ ਦਹਿਸ਼ਤਗਰਦੀ ਰਾਜ ਭਜਾਉ। ਸਿੱਖ ਸਿਧਾਂਤਾਂ ਅਤੇ ਤੁਹਾਡੇ ਹੱਕਾਂ ਦੇ ਪਹਿਰੇਦਾਰਾਂ ਨਾਲ ਜੁੜ ਜਾਉ।

## ਜਿੱਤ ਪ੍ਰਾਪਤ ਕਰਨ ਲਈ, ਹੰਭਲਾ ਸਾਡਾ-ਸਾਥ ਤੁਹਾਡਾ

## ਤੁਹਾਡੇ ਮਿਲਵਰਤਣ ਅਤੇ ਵੋਟਾਂ ਦੀ ਉਡੀਕ ਰਹੇਗੀ।

## ਜਾਰੀ ਕਰਤਾ :- ਫਾਉਂਡਰ ਬੇ ਏਰੀਆ ਸਿੱਖ ਅਲਾਇੰਸ

**ਸ੍ਰ:ਸੁਦੇਸ਼ ਸਿੰਘ ਅਟਵਾਲ,** 510-372-5061

**ਸ੍ਰ:ਜਸਵੀਰ ਸਿੰਘ ਤੱਖਰ,** 510-755-2132

**ਸ੍ਰ:ਪਰਮਜੀਤ ਸਿੰਘ ਸੇਖੋਂ ਦਾਖਾ।** 510-774-5909

ਪੇਡ ਇਸ਼ਤਿਹਾਰ

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਸੰਗਤਾਂ ਦੇ ਰਿਕਾਰਡ ਤੋੜ ਇਕੱਠ ਨਾਲ ਨਿਊਯਾਰਕ ਵਿਚ ਸੰਪੰਨ

ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 631ਵਾਂ ਪ੍ਰਕਾਸ਼ ਪੁਰਬ ਨਿਊਯਾਰਕ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਨੇ ਸੰਗਤਾਂ ਦੇ ਸਤਿਸੰਗ ਨਾਲ ਸ੍ਰੀ ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇ ਵਿਖੇ ਦੁਨੀਆਂ ਨਾਲੋਂ ਨਿਵੇਕਲੇ ਪ੍ਰੋਗਰਾਮ ਉਲੀਕ ਕੇ ਧੰਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ 14 ਫਰਵਰੀ ਦਾ ਸੀ ਪਰ ਗੁਰੂ ਘਰ ਵੱਲੋਂ 11 ਫਰਵਰੀ ਤੋਂ 11 ਅਖੰਡ ਪਾਠਾਂ ਦੀ ਲੜੀ ਅਤੇ 13 ਦਿਨ ਦੇ ਵਿਸ਼ੇਸ਼ ਦੀਵਾਨਾਂ ਦੀ ਸ਼ੁਰੂਆਤ ਕੀਤੀ ਗਈ, ਜਿਸਦੀ ਸੰਪੂਰਨਤਾ 23 ਫ਼ਰਵਰੀ ਦਿਨ ਐਤਵਾਰ ਨੂੰ ਸੰਗਤਾਂ ਦੀ ਰਿਕਾਰਡ ਤੋੜ ਇਕੱਤਰਤਾ ਨਾਲ ਹੋਈ। ਗੁਰੂ ਘਰ ਦੇ 25 ਸਾਲ ਦੇ ਇਤਿਹਾਸ ਵਿਚ ਇਹ ਗੁਰੂ ਘਰ ਵਿਚ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਤੇ ਸਭ ਤੋਂ ਵੱਡਾ ਇਕੱਠ ਸੀ। ਮੇਲੇ ਵਰਗਾ ਮਾਹੌਲ ਬਣਿਆ ਹੋਇਆ ਸੀ। ਪ੍ਰਬੰਧਕਾਂ ਨੇ ਵਿਸ਼ੇਸ਼ ਉਪਰਾਲਾ ਕਰਕੇ 31 ਸਟਰੀਟ ਪਹਿਲੀ ਵਾਰ ਪੁਲਿਸ ਪ੍ਰਸ਼ਾਸਨ ਤੋਂ ਬੰਦ ਕਰਵਾਈ ਸੀ। ਇਹ 11 ਅਖੰਡ ਪਾਠਾਂ ਦੀ ਲੜੀ 13 ਦਿਨ ਦੇ ਦੀਵਾਨ 2001 ਤੋਂ ਗੁਰੂ ਘਰ ਵਿਚ ਸ਼ੁਰੂ ਕੀਤੇ ਗਏ ਸਨ। ਗੁਰੂ ਘਰ ਦੇ ਮੁੱਖ ਸੇਵਾਦਾਰ ਉਦੋਂ ਗੁਰੂ ਘਰ ਦੇ ਪ੍ਰਬੰਧ ਵਿਚ ਜਨਰਲ ਸਕੱਤਰ ਸਨ, ਉਦੋਂ ਹੀ ਗੁਰੂ ਘਰ ਦਾ ਬੇਸਮੈਂਟ ਦਾ ਕਾਰਜ ਆਰੰਭ ਹੋਇਆ ਸੀ। ਜਦੋਂ ਤੋਂ ਇਹ ਪ੍ਰਬੰਧਕਾਂ ਨੂੰ ਗੁਰੂ ਘਰ ਦੀ ਸੇਵਾ ਸੰਭਾਲ ਸੰਗਤਾਂ ਨੇ ਸੌਂਪੀ ਹੈ, ਗੁਰੂ ਘਰ ਵਿਚ ਨਿਵੇਕਲੇ ਇਤਿਹਾਸਕ ਪ੍ਰੋਗਰਾਮ ਸੰਗਤਾਂ ਲਈ ਉਲੀਕੇ ਜਾ ਰਹੇ ਹਨ। ਜਿਹਨਾਂ ਵਿਚ ਪ੍ਰਕਾਸ਼ ਪੁਰਬ ਤੇ ਪ੍ਰਭਾਤ ਫੇਰੀਆਂ, ਕਵੀ ਦਰਬਾਰ, ਢਾਡੀ ਦਰਬਾਰ, ਬੱਚਿਆਂ ਨੂੰ ਆਪਣੇ ਵਿਰਸੇ ਮਾਂ ਬੋਲੀ ਨਾਲ ਜੋੜਨ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ।

ਇਸ ਵਾਰ ਵੀ ਬੱਚਿਆਂ ਨੇ ਪ੍ਰਕਾਸ਼ ਪੁਰਬ ਤੇ ਲਿਖਤੀ ਟੈਸਟ 1 ਗਰੇਡ ਤੋਂ 10 ਗਰੇਡ ਤੱਕ ਦੇ ਬੱਚਿਆਂ ਨੇ ਦਿੱਤਾ। ਕੁੱਲ 33 ਬੱਚਿਆਂ ਨੇ ਟੈਸਟ ਦਿੱਤਾ। ਸਾਰਿਆਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ। ਪਹਿਲੀਆਂ ਤਿੰਨ ਪੁਜ਼ੀਸ਼ਨਾਂ 1 ਤੋਂ 5 ਗਰੇਡ ਅਤੇ 6 ਤੋਂ 10 ਗਰੇਡ ਵਾਲਿਆਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਪ੍ਰਬੰਧਕਾਂ ਦੇ ਇਸ ਨਿਵੇਕਲੇ ਉਪਰਾਲੇ ਤੋਂ ਬੱਚੇ ਅਤੇ ਮਾਪੇ ਦੋਵੇਂ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਗੁਰੂ ਘਰ ਤੋਂ ਪਹਿਲੀ ਵਾਰ ਨਗਰ ਕੀਰਤਨ ਦੀ ਆਰੰਭਤਾ ਜੁਲਾਈ 2013 ਵਿਚ ਕੀਤੀ ਗਈ।

ਇਹ 11 ਅਖੰਡ ਪਾਠਾਂ ਦੀ ਲੜੀ ਦੇ ਸਾਰੇ ਅਖੰਡ ਪਾਠ ਗੁਰੂ ਘਰ ਦੇ ਪ੍ਰੇਮੀ ਪਰਿਵਾਰਾਂ ਵੱਲੋਂ ਲੈ ਕੇ ਖੁਸ਼ੀਆਂ ਮਾਣੀਆਂ ਗਈਆਂ। ਸੰਗਤਾਂ ਨੇ ਗੁਰਬਾਣੀ ਕੀਰਤਨ ਅਤੇ ਕਥਾ ਵੀਚਾਰ ਨਾਲ ਜੋੜਨ ਲਈ 13 ਦਿਨ ਦੇ ਵਿਸ਼ੇਸ਼ ਦੀਵਾਨਾਂ ਦਾ ਪ੍ਰਬੰਧ ਕੀਤਾ ਗਿਆ ਸੀ। ਜਿਹਨਾਂ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਵੱਲੋਂ ਉਚਾਰੀ ਬਾਣੀ ਦੇ ਸ਼ਬਦਾਂ ਦੀ ਵਿਸਥਾਰ ਨਾਲ ਵਿਆਖਿਆ ਕਰਕੇ ਸੰਗਤਾਂ ਨੂੰ ਗੁਰੂ ਉਪਦੇਸ਼ ਨਾਲ ਜੋੜਿਆ। ਇਹ ਵੀ ਇਸ ਗੁਰੂ ਘਰ ਵਿਚ ਪਹਿਲੀ ਵਾਰ ਹੋਇਆ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੇ 40 ਸ਼ਬਦਾਂ ਦੀ ਵਿਆਖਿਆ ਪੰਥ ਪ੍ਰਸਿੱਧ ਕਥਾ-ਵਾਚਕਾਂ ਤੋਂ ਕਰਵਾਈ ਜਾ ਰਹੀ ਹੈ। ਜਿਸਦੀਆਂ ਸੀ. ਡੀ. ਅਤੇ ਡੀ. ਵੀ. ਡੀ. ਬਣਾ ਕੇ ਸੰਗਤਾਂ ਤੱਕ ਪਹੁੰਚਾਈਆਂ ਜਾਣਗੀਆਂ। ਭਾਈ ਅਮਰੀਕ ਸਿੰਘ ਵੱਲੋਂ ਜਿੱਥੇ ਹੁਣ ਤੱਕ 10 ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ, ਉਥੇ ਅਨੇਕਾਂ ਸੀ. ਡੀ., ਐਮ. ਪੀ. 3 ਵੀ ਉਹਨਾਂ ਦੀ ਆਵਾਜ਼ ਵਿਚ ਉਪਲਬੱਧ ਹਨ। ਭਾਈ ਸਾਹਿਬ ਦੀ ਕਲਮ ਤੋਂ ਸਤਿਗੁਰੂ ਰਵਿਦਾਸ ਮਹਾਰਾਜ ਦੇ 40 ਸ਼ਬਦਾਂ ਦੀ ਵਿਆਖਿਆ (ਜਗਤ ਗੁਰ ਸੁਆਮੀ) ਕਿਤਾਬ ਵੀ ਛਪ ਚੁੱਕੀ ਹੈ ਜੋ ਕਿ ਸੰਗਤਾਂ ਵੱਲੋਂ ਬਹੁਤ ਪਸੰਦ ਕੀਤੀ ਗਈ। ਵਿਆਹ ਤੇ ਨਿਰਬਾਹ ਪੁਸਤਕ ਦਾ ਇੰਗਲਿਸ਼ ਅਨੁਵਾਦ ਵੀ ਛਪ ਚੁੱਕਾ ਹੈ, ਜਿਸਦੀ 23 ਤਾਰੀਖ ਦੇ ਦੀਵਾਨ ਵਿਚ ਲਾਈਵ ਚੱਲ ਰਹੇ ਪ੍ਰੋਗਰਾਮ ਵਿਚ ਗੁਰੂ ਘਰ ਦੇ ਮੁੱਖ ਸੇਵਾਦਾਰ ਨਿਰਮਲ ਸਿੰਘ ਨੇ ਰਿਲੀਜ਼ ਕੀਤਾ। ਇਹ ਸਾਰੀਆਂ ਕਿਤਾਬਾਂ ਤੇ ਸੀ. ਡੀਜ਼ ਸੰਗਤਾਂ ਤੱਕ ਪਹੁੰਚਾਉਣ ਦਾ ਉਪਰਾਲਾ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਨਿਊਯਾਰਕ ਅਤੇ ਦੇਸ ਰਾਜ ਸਿੰਘ ਵੱਲੋਂ ਕੀਤਾ ਜਾਂਦਾ ਹੈ। ਕੀਰਤਨੀਏ ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲਿਆਂ ਨੇ ਇਹਨਾਂ ਦੀਵਾਨਾਂ ਵਿਚ ਸਤਿਗੁਰਾਂ ਦੇ 40 ਸ਼ਬਦਾਂ ਦਾ ਕੀਰਤਨ ਸੁਰ ਤਾਲ ਵਿਚ ਸੁਣਾ ਕੇ ਸੰਗਤਾਂ ਤੋਂ ਅਸੀਸ ਪ੍ਰਾਪਤ ਕੀਤੀ। ਇਹ ਵੀ ਪਹਿਲੀ ਵਾਰ ਹੋਇਆ ਕਿ ਇਹ ਸਾਰੇ ਸ਼ਬਦਾਂ ਦੀ ਵਿਸ਼ੇਸ਼ ਰਿਕਾਰਡਿੰਗ ਪ੍ਰਬੰਧਕਾਂ ਵੱਲੋਂ ਕਰਵਾਈ ਗਈ ਹੈ, ਜਿਹੜੀ ਬਾਅਦ ਵਿਚ ਸੰਗਤ ਨੂੰ ਮੁਫਤ ਵਿਚ ਦਿੱਤੀ ਜਾਵੇਗੀ। ਭਾਈ ਜਸਵੀਰ ਸਿੰਘ ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਾਲੇ, ਭਾਈ ਪਿਆਰਾ ਸਿੰਘ ਮਿੱਠ ਟਿਵਾਣਾ ਵਾਲੇ, ਭਾਈ ਮੋਹਨ ਸਿੰਘ ਦੇ ਢਾਡੀ ਜਥੇ ਨੇ ਵੀ ਇਹਨਾਂ ਦੀਵਾਨਾਂ ਵਿਚ ਹਾਜ਼ਰੀ ਲਗਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਘਰ ਏਰੀਏ ਦੇ ਕੌਂਸਲਮੈਨ ਅਤੇ ਪੁਲਿਸ ਡਿਪਾਰਟਮੈਂਟ ਵੱਲੋਂ ਕੈਪਟਨ, ਡੀਟੈਕਟਿਵ ਜਿਹਨਾਂ ਨੇ ਦੀਵਾਨ ਵਿਚ ਸਤਿ ਸ੍ਰੀ ਅਕਾਲ ਨਾਲ ਬੋਲਣਾ ਸ਼ੁਰੂ ਕਰਕੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਆਉਣ ਵਾਲੇ ਸਮੇਂ ਵਿਚ ਵਿਸ਼ੇਸ਼ ਸਹਿਯੋਗ ਦਾ ਭਰੋਸਾ ਦਿੱਤਾ। ਇਹਨਾਂ ਤੋਂ ਇਲਾਵਾ ਆਪਣਾ ਬਾਜ਼ਾਰ ਤੋਂ ਜਸਵਿੰਦਰ ਸਿੰਘ, ਭੋਲਾ ਪੈਟਰੋਲੀਅਮ ਤੋਂ ਹਰਿੰਦਰ ਸਿੰਘ, ਗੁਰੂ ਘਰ ਦੇ ਚੇਅਰਮੈਨ ਨੰਦ ਲਾਲ, ਸਾਬਕਾ ਸਕੱਤਰ ਓਮ ਪ੍ਰਕਾਸ਼, ਸਾਬਕਾ ਪ੍ਰਧਾਨ ਸਰਦਾਰਾ ਵਿਰਦੀ, ਸਾਬਕਾ ਸਕੱਤਰ ਨਿਰਮਲ ਸਿੰਘ ਖਾਲਸਾ, ਰੇਸ਼ਮ ਸਿੰਘ ਜੀਦੋਵਾਲ, ਮੱਖਣ ਸਿੰਘ ਲੋਟੀਆ ਪ੍ਰਧਾਨ ਮਹਾਂਰਿਸ਼ੀ ਵਾਲਮੀਕ ਸਭਾ, ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਤੋਂ, ਰਘਬੀਰ ਸਿੰਘ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ, ਗੁਰਮੇਜ ਸਿੰਘ ਪ੍ਰਧਾਨ ਮੱਖਣ ਸ਼ਾਹ ਲੁਬਾਣਾ, ਇਕਬਾਲ ਸਿੰਘ ਜੱਸੋਵਾਲ ਨੇ ਇਸ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਧੀਰਜ ਕੁਮਾਰ ਨੇ ਇਕ ਕਵਿਤਾ ਨਾਲ ਹਾਜ਼ਰੀ ਲਗਵਾਈ। ਪ੍ਰਬੰਧਕਾਂ ਨੇ ਵਿਸ਼ੇਸ਼ ਉਪਰਾਲਾ ਕੀਤਾ ਸੀ ਕਿ ਪੀ. ਟੀ. ਸੀ. ਪੰਜਾਬੀ ਇਸਨੂੰ ਨਿ-ਊਯਾਰਕ ਗੁਰੂ ਘਰ ਤੋਂ ਪੂਰੀ ਦੁਨੀਆਂ ਵਿਚ ਲਾਈਵ ਦਿਖਾ ਰਿਹਾ ਸੀ। ਗਲੋਬਲ ਪੰਜਾਬ ਟੀ. ਵੀ. ਵੱਲੋਂ 13 ਦਿਨ ਹਰ ਰੋਜ਼ ਭਾਈ ਅਮਰੀਕ ਸਿੰਘ ਦੀ ਕਥਾ ਸਵੇਰੇ 9 ਤੋਂ 10 ਵਜੇ ਤੱਕ ਦਿਖਾ ਕੇ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ।

ਗੁਰੂ ਘਰ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਨਾਜਰ ਸਿੰਘ ਜੀ ਨੂੰ ਉਹਨਾਂ ਦੀਆਂ ਗੁਰੂ ਘਰ ਪ੍ਰਤੀ ਨਿਭਾਈਆਂ ਸੇਵਾਵਾਂ ਬਦਲੇ ਗੁਰੂ ਘਰ ਸੰਗਤ ਵੱਲੋਂ ਵਿਸ਼ੇਸ਼ ਸਨਮਾਨ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਗਿਆਨੀ ਨਾਜ਼ਰ ਸਿੰਘ ਨੇ ਭਾਵੁਕ ਹੁੰਦਿਆਂ ਪ੍ਰਬੰਧਕਾਂ ਤੇ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਨਿਰਮਲ ਸਿੰਘ ਨੇ ਕਿਹਾ ਕਿ ਭਾਈ ਨਾਜਰ ਸਿੰਘ ਦੀਆਂ ਗੁਰੂ ਘਰ ਵਿਚ ਨਿਭਾਈਆਂ ਸੇਵਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਗਿਆਨੀ ਨਾਜਰ ਸਿੰਘ ਨੇ ਅੱਗੇ ਬੋਲਦਿਆਂ ਜਿੱਥੇ ਨਿਊਯਾਰਕ ਦੀ ਸੰਗਤ ਦਾ ਧੰਨਵਾਦ ਕੀਤਾ, ਉਥੇ ਗੁਰੂ ਮਹਾਰਾਜ ਜੀ ਦਾ ਗੁਰਪੁਰਬ ਦੁਨੀਆਂ ਨੂੰ ਗੁਰੂ ਦੀ ਸੋਚ ਮੁਤਾਬਕ ਮਨਾਉਣ ਲਈ ਬੇਨਤੀ ਕੀਤੀ। ਉਹਨਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੁਰੂ ਘਰ ਦੀ ਉਸਾਰੀ ਦਾ ਕਾਰਜ ਪਿਛਲੇ ਲੰਮੇ ਸਮੇਂ ਤੋਂ ਰੁਕਿਆ ਹੈ, ਉਹ ਜਲਦੀ ਹੀ ਸ਼ੁਰੂ ਕੀਤਾ ਜਾ ਰਿਹਾ ਹੈ, ਉਸ ਵਿਚ ਤਨ ਮਨ ਧਨ ਨਾਲ ਸੰਗਤਾਂ ਸਹਿਯੋਗ ਦੇਣ। ਗੁਰੂ ਘਰ ਦੇ ਸਕੱਤਰ ਵਾਰ-ਵਾਰ ਸੰਗਤ ਵੱਲੋਂ ਮਿਲ ਰਹੇ ਸਹਿਯੋਗ ਬਾਰੇ ਸੰਗਤਾਂ ਨੂੰ ਜਾਣੂ ਕਰਵਾ ਰਹੇ ਸਨ। ਗੁਰੂ ਘਰ ਦਾ ਉਸਾਰੀ ਦਾ ਕਾਰਜ ਪਿਛਲੀਆਂ ਸਮੱਸਿਆਵਾਂ ਕਰਕੇ ਰੁਕਿਆ ਸੀ। ਪਿਛਲੀ ਕਮੇਟੀ ਦੇ ਟੈਕਸ, ਸਪਰੋਕਲਰ, ਵਾਇਰ ਅਲਾਰਮ ਦੇ ਪੈਸੇ ਦੇਣ ਵਾਲੇ ਸਨ, ਜਿਸਨੂੰ ਮੌਜੂਦਾ ਕਮੇਟੀ ਹੌਲੀ ਹੌਲੀ ਕਰਕੇ ਉਤਾਰ ਰਹੀ ਹੈ। ਜਿੱਥੇ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਗੁਰੂ ਘਰ ਪਹੁੰਚ ਕੇ ਹਾਜ਼ਰੀ ਲਗਵਾਈ, ਉਥੇ ਪ੍ਰਸਿੱਧ ਬਿਜਨਸਮੈਨ ਗੁਰੂ ਘਰ ਦੇ ਪ੍ਰਬੰਧਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਲਗਵਾਈ। ਸਾਰਿਆਂ ਨੂੰ ਗੁਰੂ ਘਰ ਵੱਲੋਂ ਜੀ ਆਇਆਂ ਆਖਿਆ ਗਿਆ। ਮੀਡੀਆ ਵੱਲੋਂ ਸਾਰੇ ਪੰਜਾਬ ਦੇ ਹਰਬਖਸ਼ ਸਿੰਘ ਟਾਹਲੀ, ਸੂਰਤ ਸਿੰਘ ਪੱਤਰ, ਜੀਤ ਸਿੰਘ ਸੋਹੀ, ਸਤਨਾਮ ਸਿੰਘ ਰਟੈਂਡਾ ਨੇ ਹਾਜ਼ਰੀ ਲਗਵਾ ਕੇ ਵਧਾਈ ਦਿੱਤੀ। ਪੀ. ਟੀ. ਸੀ. ਪੰਜਾਬੀ ਵੱਲੋਂ ਇਸਨੂੰ ਪੂਰੀ ਦੁਨੀਆਂ ਵਿਚ ਸਿੱਧਾ ਪ੍ਰਸਾਰਣ ਕਰਕੇ ਦਿਖਾਇਆ। ਗਲੋਬਲ ਪੰਜਾਬ ਟੀ. ਵੀ. ਵੱਲੋਂ ਹਰ ਰੋਜ਼ ਕਥਾ ਦਿਖਾਈ ਗਈ। ਸਟੇਜ ਦੀ ਸੇਵਾ ਗੁਰੂ ਘਰ ਦੇ ਸਕੱਤਰ ਪਰਮਜੀਤ ਲਾਲ, ਚ ਰਨਜੀਤ ਸਿੰਘ ਨੇ ਨਿਭਾਈ। (ਰਿਪੋਰਟ ਨਿਰਮਲ ਸਿੰਘ)

# ਫਰਿਜ਼ਨੋ ਵਿਖੇ ਸਤਿਗੁਰੂ ਰਵਿਦਾਸ ਜੀ ਦਾ 637ਵਾਂ ਗੁਰਪੁਰਬ ਦਿਹਾੜਾ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ

ਫਰਿਜ਼ਨੋ (ਡੀ ਡੀ ਬੀ)- ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ 637ਵਾਂ ਗੁਰਪੁਰਬ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ ਅਤੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਦੇ ਸੰਪੂਰਨ ਸਹਿਯੋਗ ਨਾਲ ਬੜੀ ਹੀ ਸ਼ਰਧਾ ਅਤੇ ਉਤਸ਼ਾਹਪੂਰਵਕ ਤਰੀਕੇ ਨਾਲ ਬੀਤੇ ਐਤਵਾਰ ਮਾਰਚ 2, 2014 ਨੂੰ ਮਨਾਇਆ ਗਿਆ।

ਜਿਸ ਵਿਚ ਭਾਰੀ ਗਿਣਤੀ ਵਿਚ ਇਲਾਕਾ ਨਿਵਾਸੀ ਸੰਗਤਾਂ ਅਤੇ ਕੈਲੀਫੋਰਨੀਆ ਦੀਆਂ ਸਮੂਹ ਸ੍ਰੀ ਗੁਰੂ ਰਵਿਦਾਸ ਸਭਾਵਾਂ, ਜਿਹਨਾਂ ਵਿਚ ਸੇਲਮਾ, ਯੂਬਾ ਸਿਟੀ, ਸੈਕਰਾਮੈਂਟੋ, ਪਿਟਸਬਰਗ ਅਤੇ ਬੇ-ਏਰੀਆ ਤੋਂ ਇਲਾਵਾ ਸੁਪਰੀਮ ਕੌਂਸਲ ਸ੍ਰੀ ਗੁਰੂ ਰਵਿਦਾਸ ਸਭਾ (ਸ) ਯੂ. ਐਸ. ਏ. ਅਤੇ ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਦੇ ਨੁਮਾਇੰਦਿਆਂ ਨੇ ਆਪੋ ਆਪਣੀਆਂ ਇਕੱਠੀਆਂ ਸੰਗਤਾਂ ਵਜੋਂ ਹਾਜ਼ਰੀਆਂ ਭਰੀਆਂ।

ਸਤਿਗੁਰੂ ਰਵਿਦਾਸ ਜੀ ਦੇ 637ਵੇਂ ਗੁਰਪੁਰਬ ਸਬੰਧਤ ਗੁਰੂ ਘਰ ਦੀ ਸਮੂਹ ਕਮੇਟੀ ਅਤੇ ਸੰਗਤਾਂ ਵੱਲੋਂ ਸ੍ਰੀ ਅਖੰਡ ਪਾਠ 28 ਫਰਵਰੀ ਦਿਨ ਸ਼ੁੱਕਰਵਾਰ ਨੂੰ ਆਰੰਭ ਕੀਤੇ ਗਏ ਤੇ ਸ਼ਨਿਚਰਵਾਰ ਨੂੰ ਸ੍ਰੀ ਨਿਸ਼ਾਨ ਸਾਹਿਬ ਚੜ੍ਹਾਏ ਗਏ ਅਤੇ ਦੋਵੇਂ ਦਿਨ ਦੀਆਂ ਸ਼ਾਮਾਂ ਨੂੰ ਕੀਰਤਨ ਦਰਬਾਰ ਸਜਾਏ ਗਏ ਅਤੇ 2 ਮਾਰਚ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਗੁਰੂ ਘਰ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਭਾਈ ਰਾਮ ਸਿੰਘ ਜੀ ਨੇ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ ਮੁਬਾਰਕਾਂ ਦਿੰਦਿਆਂ ਸਭਨਾਂ ਦਾ ਇਸ ਸ਼ੁਭ ਅਵਸਰ ਤੇ ਹਾਜ਼ਰੀਆਂ ਲਗਵਾਉਣ ਲਈ ਧੰਨਵਾਦ ਕੀਤਾ।

ਇਸ ਦੌਰਾਨ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਦੇ ਜਥੇ ਤੋਂ ਇਲਾਵਾ ਗਿਆਨੀ ਰਾਮ ਸਿੰਘ ਜੀ, ਗਿਆਨੀ ਸੋਢੀ ਸਿੰਘ ਜੀ ਕ੍ਰਦਰਜ਼ ਗੁਰੂ ਘਰ ਵਾਲੇ, ਗਿਆਨੀ ਹਰਬਿਲਾਸ ਸਿੰਘ ਜੀ, ਢਾਡੀ ਜਥਾ ਭਾਈ ਗੁਰਨਾਮ ਸਿੰਘ ਭੰਡਾਲ ਜੀ, ਭਾਈ ਸੰਤੋਖ ਸਿੰਘ ਬੈਂਸ ਜੀ, ਬੱਚੀ ਕਾਸ਼ਮੀਨ ਕੌਰ ਜੀ ਤੋਂ ਇਲਾਵਾ ਲੋਕ ਗਾਇਕ ਉਸਤਾਦ ਯਮਲਾ ਜੱਟ ਦੇ ਸ਼ਾਗਿਰਦ ਸ. ਰਾਜ ਬਰਾੜ ਜੀ ਆਦਿ ਨੇ ਗੁਰਬਾਣੀ ਵਿਚੋਂ ਰਸਭਿੰਨਾ ਸ਼ਬਦ ਗਾਇਨ ਕਰਕੇ ਗੁਰੂ ਘਰ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਜਿੱਥੇ ਗਾਇਕ ਰਾਜ ਬਰਾੜ ਤੇ ਬੀਬੀ ਰੌਸ਼ਨੀ ਚੋਪੜਾ ਸਤਿਗੁਰੂ ਰਵਿਦਾਸ ਜੀ ਨੂੰ ਮੁਖਾਰਬਿੰਦ ਹੁੰਦਿਆਂ ਰਾਜ ਬਰਾੜ ਦੀ ਤੂੰਬੀ ਜਿੱਥੇ ਉਸਤਾਦ ਯਮਲਾ ਜੱਟ ਦੀ ਯਾਦ ਵੀ ਰਾਜ ਕਰਦੀ ਸੀ, ਉਥੇ ਬੀਬੀ ਰੋਸ਼ਨੀ ਚੋਪੜਾ ਜੀ ਨੇ ਬਹੁਤ ਵਧੀਆ ਤਰੀਕੇ ਨਾਲ ਧਾਰਮਿਕ ਗੀਤ ਗਾਇਆ ਕਿ "ਅੱਜ ਪੱਥਰੀ ਵਾਲਾ ਧਾਰ ਕੇ ਅਵਤਾਰ ਆ ਗਿਆ" ਉਥੇ ਗੁਰੂ ਘਰ ਦੀ ਕਮੇਟੀ ਦੇ ਉਪ ਪ੍ਰਧਾਨ ਸ੍ਰੀ ਰਾਮ ਲਾਲ ਮਹਿਮੀ ਜੀ ਦੀ ਪੋਤਰੀ ਬੱਚੀ ਕਿਰਨ ਮਹਿਮੀ ਨੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮ ਜੀ ਅੰਬੇਦਕਰ ਜੀ ਦੇ ਜੀਵਨ ਨਾਲ ਸਬੰਧਤ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਕਵਿਤਾ ਪੜ੍ਹੀ। ਅੱਜ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਚਾਹੇ ਕੋਈ ਰੋਗੀ, ਢਾਡੀ ਜਾਂ ਬੁਲਾਰਾ ਸੀ, ਸਭ ਨੂੰ ਸੰਗਤਾਂ ਨੇ ਮਨ ਚਿੱਤ ਲਗਾ ਕੇ ਸੁਣਿਆ।

ਇਹਨਾਂ ਤੋਂ ਇਲਾਵਾ ਜਿਹਨਾਂ ਜਿਹਨਾਂ ਬੁਲਾਰਿਆਂ ਨੂੰ ਸਟੇਜ ਸਕੱਤਰ ਸ੍ਰੀ ਦੇਸ ਰਾਜ ਬੰਗੜ ਜੀ ਨੇ ਦੋ ਸ਼ਬਦ ਰੱਖਣ ਦਾ ਸਤਿਕਾਰ ਸਹਿਤ ਸੱਦਾ ਦਿੱਤਾ, ਉਹਨਾਂ ਵਿਚ ਸਰਵ ਸ੍ਰੀ ਉਘੇ ਸਮਾਜ ਸੇਵਕ ਸੁਖਰਾਜ ਸਿੰਘ ਚੋਪੜਾ, ਪ੍ਰਧਾਨ ਕਰਮ ਸਿੰਘ ਬੰਗੜ, ਸਾਬਕਾ ਪ੍ਰਧਾਨ ਸੰਤੋਖ ਸਿੰਘ ਨਰ, ਵਿਨੋਦ ਕੁਮਾਰ ਚੁੰਬਰ (ਵਾਈਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ), ਜਸਵਿੰਦਰ ਬੰਗਾ (ਪੀ. ਆਰ. ਓ. ਅਤੇ ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ), ਸ੍ਰੀ ਗੁਰੂ ਰਵਿਦਾਸ ਸਭਾ (ਸ) ਯੂ. ਐਸ. ਏ. ਦੇ ਜਨਰਲ ਸਕੱਤਰ ਸ੍ਰੀਮਾਨ ਓ. ਪੀ. ਬਾਲੀ, ਮਿਸਿਜ਼ ਦੇਬੋ ਬੈਂਸ (ਚੇਅਰਪਰਸਨ ਸ੍ਰੀ ਗੁਰੂ ਰਵਿਦਾਸ ਸਭਾ), ਉਘੇ ਬਿਜਨਸਮੈਨ ਸ੍ਰੀ ਪ੍ਰੇਮ ਸੋਢੀ (ਮੋਮੀ ਪਰਿਵਾਰ, ਬੇਕਰਜ਼ਫੀਲਡ), ਸੁਰਜੀਤ ਬੰਗੜ, ਸੋਨੂੰ ਅੰਬੇਦਕਰ (ਤਕਰੀਬਨ ਹਰ ਵਿਸ਼ੇਸ਼ ਸਮਾਗਮ ਮੌਕੇ ਬਹੁਜਨ ਸਮਾਜ ਨਾਲ ਸਬੰਧਤ ਲਿਟਰੇਚਰ ਸਟਾਲ ਲਗਾਉਣ ਵਿਚ ਮੋਹਰੀ), ਅਵਤਾਰ ਬੈਂਸ ਅਤੇ ਅਦਾਰਾ "ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਆਦਿ ਨੇ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਤ ਦੋ ਦੋ ਸ਼ਬਦ ਸਤਿਕਾਰਯੋਗ ਸੰਗਤਾਂ ਨਾਲ ਸਾਂਝੇ ਕੀਤੇ।

ਇਹਨਾਂ ਬੁਲਾਰਿਆਂ ਨੂੰ ਜਿੱਥੇ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਤੇ ਮਿਸ਼ਨ ਬਾਰੇ ਸੰਖੇਪ ਚਾਨਣਾ ਪਾਇਆ, ਉਥੇ ਉਹਨਾਂ ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਸਾਹਿਬ, ਭਗਵਾਨ ਵਾਲਮੀਕ ਤੇ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨੂੰ ਯਾਦ ਕਰਦਿਆਂ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਗੱਲ ਕੀ ਉਪਰੋਕਤ ਮਹਾਂਪੁਰਸ਼ਾਂ ਨੇ ਮਾਨਵਤਾ ਦੇ ਭਲੇ ਹਿੱਤ ਸੰਘਰਸ਼ ਕੀਤਾ, ਸੋ ਜੇਕਰ ਅੱਜ ਦੇ ਸਮਾਗਮ ਨੂੰ ਮਾਨਵਤਾ ਸਤਿਸੰਗ ਦਾ ਨਾਂ ਦੇ ਦਿੱਤਾ ਜਾਵੇ ਤਾਂ ਅਤਿਕਥਨੀ ਨਹੀਂ ਕਿਹਾ ਜਾ ਸਕਦਾ।

ਕਿਉਂਕਿ ਇੱਥੇ ਸੱਚੇ ਸੁੱਚੇ ਮਹਾਂਪੁਰਸ਼ਾਂ ਵੱਲੋਂ ਮਾਨਵਤਾ ਦੇ ਭਲੇ ਹਿੱਤ ਕੀਤੇ ਪਰਉਪਕਾਰਾਂ ਦਾ ਹਰ ਮਾਈ ਭਾਈ ਤੇ ਬੁਲਾਰੇ ਦੇ ਮੂੰਹੋਂ ਸੁਣਨ ਨੂੰ ਮਿਲਿਆ, ਜਿਸ ਲਈ ਇੱਥੋਂ ਕਮੇਟੀ ਅਤੇ ਸੰਗਤਾਂ ਵਾਕਿਆ ਹੀ ਵਧਾਈ ਦੀਆਂ ਪਾਤਰ ਹਨ।

ਗੁਰੂ ਘਰ ਦੀ ਚਾਰ ਦੀਵਾਰੀ ਅੰਦਰ ਧਾਰਮਿਕ, ਮੁਨਿਆਰੀ ਅਤੇ ਕਿਤਾਬਾਂ ਦੇ ਸਟਾਲ ਲਗਾਏ ਗਏ ਸਨ।

ਸਮਾਗਮ ਦੀ ਸਮਾਪਤੀ ਤੋਂ ਪਹਿਲਾਂ ਪ੍ਰਧਾਨ ਸ੍ਰੀ ਕਰਮ ਸਿੰਘ ਬੰਗੜ ਜੀ ਨੇ ਸਮੂਹ ਸੰਗਤਾਂ, ਸਾਰੀਆਂ ਸਭਾਵਾਂ ਤੇ ਮੀਡੀਏ ਦਾ ਸ਼ਾਮਲ ਹੋਣ ਲਈ ਤਹਿ ਦਿਲੋਂ ਧੰਨਵਾਦ ਕਰਦਿਆਂ ਅੱਗੋਂ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦੀ ਉਮੀਦ ਜਤਾਈ। ਇਸ ਉਪਰੰਤ ਗੁਰੂ ਦੇ ਕੜਾਅ ਪ੍ਰਸ਼ਾਦ ਤੇ ਅਤੁੱਟ ਲੰਗਰ ਵਰਤਾਏ ਗਏ। ਸਟੇਜ ਸਕੱਤਰ ਅਤੇ ਪੱਤਰਕਾਰ ਸ੍ਰੀ ਦੇਸ ਰਾਜ ਬੰਗੜ ਜੀ ਨੇ ਬਾਖੂਬੀ ਨਾਲ ਆਪਣੀ ਸੇਵਾ ਨਿਭਾਈ।

## ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਗੁਰਪੁਰਬ 16 ਮਾਰਚ ਨੂੰ

ਸੇਲਮਾ (ਡੀ ਡੀ ਬੀ)- ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈ-ਲੇਫੋਰਨੀਆ) ਦੇ ਵਾਈਸ ਚੇਅਰਮੈਨ ਸ੍ਰੀ ਰਜਿੰਦਰ ਸਿੰਘ ਗੰਗੜ ਅਤੇ ਸਹਾਇਕ ਸਕੱਤਰ ਸ੍ਰੀ ਦੇਵਰਾਜ ਸਿੰਘ ਜੀ ਨੇ ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਮਿੱਥੇ ਹੋਏ ਸਮੇਂ ਅਤੇ ਦਿਨ ਤਾਰੀਖ ਅਨੁਸਾਰ 16 ਮਾਰਚ ਨੂੰ ਸਤਿਗੁਰੂ ਰਵਿਦਾਸ ਜੀ ਦਾ 637ਵਾਂ ਪ੍ਰਕਾਸ਼ ਦਿ-ਹਾੜਾ ਬਹੁਤ ਸ਼ਰਧਾ ਪੂਰਵਕ ਮਨਾਏ ਜਾਣ ਦੀਆਂ ਮੁਕੰਮਲ ਤਿਆਰੀਆਂ ਹੋ ਚੁੱਕੀਆਂ ਹਨ। 14 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਰਖਾਏ ਜਾਣਗੇ ਅਤੇ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ ਤੇ ਐਤਵਾਰ 16 ਮਾਰਚ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਜਾਣਗੇ। ਇਸ ਦੌਰਾਨ ਰਾਗੀ, ਢਾਡੀ ਤੇ ਕਥਾਵਾਚਕ ਤੇ ਬੁਲਾਰੇ ਆਈਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ। ਸੋ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਹੁੰਮ ਹੁੰਮਾ ਕੇ ਸ਼ਾਮਲ ਹੋਵੋ।

# ਗੁਰੂ ਘਰ ਰਿਓਲਿੰਡਾ ਵਿਖੇ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

ਰਿਓਲਿੰਡਾ- ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਦੇ ਨਮਿਤ, ਗੁਰੂ ਘਰ ਰਿਓਲਿੰਡਾ ਵਿਖੇ ਚੱਲ ਰਹੀ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਵਿਚ 14 ਫਰਵਰੀ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਮੂਹ ਸੰਗਤ ਨੇ ਗੁਰੂ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ। ਦੁਪਹਿਰ ਤੋਂ ਬਾਅਦ ਪਾਏ ਭੋਗ, ਜਿਸਦੀ ਸੇਵਾ ਸੇਵਕ ਪਰਿਵਾਰ ਸ੍ਰੀ ਭਗਵੰਤ ਜੱਸਲ ਅਤੇ ਸੇਵਕ ਪਰਿਵਾ ਸ੍ਰੀ ਮੇਵਾ ਉਜਾਗਰ ਵੱਲੋਂ ਕੀਤੀ ਗਈ। ਸ਼ਾਮ ਦੇ ਦੀਵਾਨ ਵੀ ਸਜਾਏ ਗਏ ਤੇ ਸੰਗਤ ਨੇ ਸ਼ਬਦ ਕੀਰਤਨ ਸਰਵਣ ਕੀਤਾ। ਬੁਲਾਰਿਆਂ ਵਿਚੋਂ ਸ੍ਰੀ ਰਮੇਸ ਬੰਗੜ, ਸ੍ਰੀ ਸਤੀਸ਼ ਕੁਮਾਰ ਰੱਲੂ ਅਤੇ ਸ੍ਰੀ ਪ੍ਰੇਮ ਚੁੰਬਰ ਨੇ ਸੰਗਤਾਂ ਨਾਲ ਵਿਚਾਰਾਂ ਦੀ



ਸਾਂਝ ਪਾਈ। ਇਸੇ ਹੀ ਲੜੀ ਵਿਚ ਅਗਲੇ ਸ੍ਰੀ ਅਖੰਡ ਪਾਠ ਸਾਹਿਬ ਸ਼ੁਰੂ ਕੀਤੇ ਗਏ, ਜਿਹਨਾਂ ਦੀ ਸੇਵਾ ਸੇਵਕ ਪਰਿਵਾਰ ਸ੍ਰੀ ਮਹਿੰਦਰ ਸਿੰਘ ਧਾਮੀ ਵੱਲੋਂ ਕੀਤੀ ਜਾ ਰਹੀ ਹੈ ਅਤੇ 16 ਫਰਵਰੀ ਦਿਨ ਐਤਵਾਰ ਨੂੰ ਭਾਗ ਪਾਏ ਗਏ। ਸਮਾਗਮ ਦੇ ਅੰਤ ਵਿਚ ਸ੍ਰੀ ਮੇਵਾ ਉਜਾਗਰ ਜੀ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਸਮੂਹ ਸੰਗਤ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਮਨਾਈਆਂ ਅਤੇ ਅੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

# 'ਬੇ ਏਰੀਆ ਸਿੱਖ ਅਲਾਇੰਸ'

# ਵੋਟਰਾਂ ਦੇ ਹੱਕਾਂ ਦਾ ਪਹਿਰੇਦਾਰ

* ਅਖੌਤੀ ਸਿੱਖ ਪੰਚਾਇਤ ਦੇ ਗੁਮਨਾਮ ਆਗੂ, ਜਿਨ੍ਹਾਂ ਨੇ ਸਮੇਂ ਸਮੇਂ 'ਤੇ ਸ੍ਰੀ ਅਕਾਲ ਤੱਖਤ ਸਾਹਿਬ ਦੇ ਹੁਕਮਨਾਮਿਆਂ ਦਾ ਵਿਰੋਧ ਕੀਤਾ ਅਤੇ ਪੰਥ ਦੋਖੀਆਂ ਨਾਲ ਸਾਂਝ ਰੱਖੀ ਉਪ੍ਰੰਤ ਫਰੀਮਾਂਟ ਗੁਰੂ ਘਰ ਵਿੱਚ ਸੰਗਤਾਂ ਨਾਲ ਦੁਰਵਿਹਾਰ ਤੋਂ ਸ਼ੁਰੂ ਕਰਕੇ, ਡਾਂਗਾਂ ਕ੍ਰਿਪਾਨਾਂ ਤੇ ਗੋਲ਼ੀਆਂ ਤੱਕ ਦਾ ਸਫਰ ਕਰਦੇ ਹੋਏ ਸਿੱਧੇ ਰੂਪ ਵਿੱਚ ਕੈਲੇਫੋਰਨੀਆ ਦੇ ਅਨੇਕਾਂ ਹੋਰ ਗੁਰਦੁਵਾਰਿਆਂ ਵਿੱਚ ਲੜਾਈ ਦਾ ਕਾਰਨ ਬਣਦੇ ਹੋਏ ਅਤੇ ਗੁਰੂ ਘਰਾਂ ਦੇ ਲੱਖਾਂ ਡਾਲਰ ਬਰਬਾਦ ਕਰਨ ਵਾਲੇ ਮੌਜੂਦਾ ਪੰਚਾਈਤੀਏ ਇਕ ਦੂਜੇ ਨੂੰ ਕੈਂਸਰ ਅਤੇ ਨੱਥ ਪਾ ਕੇ ਲਿਆਉਣ ਅਤੇ ਅਨੇਕਾਂ ਇਖਲਾਕ ਤੋਂ ਗਿਰੇ ਹੋਏ ਸ਼ਬਦ ਵਰਤਣ ਵਾਲੇ ਲੋਕ ਫਰੀਮਾਂਟ ਦੇ ਵੋਟਰਾਂ ਦੀ ਵੋਟ ਦੇ ਕਦਾਚਿੱਤ ਹੱਕਦਾਰ ਨਹੀਂ।

* ਅਖੌਤੀ ਸਿੱਖ ਪੰਚਾਇਤ 'ਚ ਅਨੇਕਾਂ ਪੰਥ ਵਿਰੋਧੀ, ਅਖੌਤੀ ਆਗੂ ਐਸੇ ਹਨ ਜਿਹੜੇ ਖਾਲਸਤਾਨ ਦੇ ਨਾਅਰੇ ਵੀ ਮਾਰਦੇ ਹਨ ਅਤੇ ਭਾਰਤੀ ਅੰਬੈਸੀ ਰਾਹੀਂ ਭਾਰਤੀ ਵੀਜੇ ਅਤੇ ਪਾਸਪੋਰਟ ਪ੍ਰਾਪਤ ਕਰਕੇ ਪੰਥਕ ਗਦਾਰ ਹੋਣ ਦੇ ਸਬੂਤ ਦਿੰਦੇ ਹਨ। ਐਸੇ ਗਦਾਰ ਲੋਕਾਂ ਨੂੰ ਗੁਰੂ ਘਰਾਂ ਚੋਂ ਚੋਣ ਪ੍ਰਕਿਰਿਆ ਰਾਹੀਂ ਦੂਰ ਕਰਨ ਲਈ, ਬੇ ਏਰੀਆ ਸਿੱਖ ਅਲਾਇੰਸ ਵੋਟਰਾਂ ਦੇ ਹੱਕਾਂ ਦਾ ਪਹਿਰੇਦਾਰ ਬਣ ਕੇ ਅਗੇ ਆਇਆ ਹੈ।

* ਸਾਧ ਸੰਗਤ ਜੀ, ਜੇ ਤੁਹਾਡੇ ਕੋਲ ਵੋਟ ਦਾ ਹੱਕ ਹੈ ਤਾਂ ਹੀ ਅਖੌਤੀ ਸਿੱਖ ਪੰਚਾਇਤ ਵਾਲੇ ਇਹ ਲੋਕ ਤੁਹਾਡੀ ਇਜ਼ਤ ਮਾਣ ਸਤਿਕਾਰ ਕਰਦੇ ਹਨ। ਨਹੀਂ ਤਾਂ ਇਹ ਲੋਕ ਤੁਹਾਨੂੰ ਬਲਾਉਣ ਵੀ ਨਾ। ਵੋਟ ਪ੍ਰਣਾਲੀ ਰਾਹੀਂ ਤੁਹਾਡੇ ਇਜ਼ਤ ਮਾਣ ਸਤਿਕਾਰ ਨੂੰ ਕਾਇਮ ਰੱਖਣ ਲਈ ਬੇ ਏਰੀਆ ਸਿੱਖ ਅਲਾਇੰਸ ਤੁਹਾਡੀ ਆਵਾਜ਼ ਬਣ ਕੇ ਆਇਆ ਹੈ।

* ਸਾਧ ਸੰਗਤ ਜੀ, ਅਖੌਤੀ ਸਿੱਖ ਪੰਚਾਇਤ ਦੀ ਅੰਦਰੂਨੀ ਅਸਲੀਅਤ ਦਾ ਭਾਂਡਾ ਉਸ ਵਕਤ ਟੁਟ ਗਿਆ ਜਦੋਂ ਇਹਨਾਂ ਦੇ ਕਰੀਬੀ ਸਾਥੀ ਰਾਣਾ ਕਾਹਲੋਂ ਨੇ ਇਨ੍ਹਾਂ ਦਾ ਸਾਥ ਛੱਡ ਕੇ ਦਸਿਆ ਕਿ ਸਿੱਖ ਪੰਚਾਇਤ ਨੂੰ ਚਲਾਉਣ ਵਾਲੇ ਸਿਰਫ 3 ਵਿਅਕਤੀ ਹੀ ਹਨ ਬਾਕੀ ਸਭ ਡਰਾਮਾ ਹੈ। ਪੰਚਾਇਤ ਦੇ ਖਾਸਮ ਖਾਸ ਗੁਰਚਰਨ ਸਿੰਘ ਮਾਨ ਵੀ ਇਹਨਾਂ ਦਾ ਸਾਥ ਇਸ ਲਈ ਛੱਡ ਕੇ ਆ ਗਏ ਹਨ ਕਿ ਕੁੱਝ ਵਿਅਕਤੀ ਹੀ ਪੰਚਾਇਤ ਨੂੰ ਚਲਾ ਰਹੇ ਹਨ ਬਾਕੀ ਨਾਲ ਬੈਠਿਆਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਹੈ। ਪੰਚਾਇਤ ਦੇ ਦਿਲੀ ਹਮਦਰਦ ਜਸਪਾਲ ਸਿੰਘ ਨੇ ਤਾਂ ਉਸ ਵਕਤ ਹਦ ਹੀ ਕਰ ਦਿੱਤੀ ਜਦ ਉਨ੍ਹਾਂ ਨੇ ਪੰਚਾਇਤ ਦੀ ਸਾਰੀ ਅਸਲੀਅਤ ਨੂੰ ਸਾਂਝੀ ਸੋਚ ਅਖਬਾਰ ਵਿੱਚ ਛਪਵਾ ਕੇ ਇਹ ਸਿਧ ਕਰ ਦਿੱਤਾ ਕਿ ਦੋ ਸਾਲ ਪਹਿਲਾਂ ਸਿੱਖ ਪੰਚਾਇਤ ਦੇ ਖਿਲਾਫ ਬੇ ਏਰੀਆ ਸਿੱਖ ਅਲਾਇੰਸ ਵੱਲੋਂ ਚੁੱਕੇ ਕਦਮ ਸਹੀ ਸਨ।

* ਪੰਜਾਬੀ ਦੀ ਇਕ ਕਹਾਵਤ ਹੈ ਕਿ ਗਿਰਗਟ ਰੰਗ ਬਦਲਦੀ ਹੈ। ਜਿਸ ਨੂੰ ਸੁਣਿਆ ਸਭ ਨੇ ਹੈ ਪਰ ਦੇਖਿਆ ਬਹੁਤ ਘੱਟ ਨੇ ਹੋਣਾ। ਜਿਨ੍ਹਾਂ ਨੇ ਨਹੀਂ ਦੇਖਿਆ ਉਹ ਅਖੌਤੀ ਸਿੱਖ ਪੰਚਾਇਤ ਦੇ ਆਗੂਆਂ ਵਿਚੋਂ ਦੇਖ ਸਕਦੇ ਹਨ ਜੋ ਗਿਰਗਟ ਦੀ ਤਰ੍ਹਾਂ ਹੁਣ ਤੱਕ ਆਪਣੇ ਅਨੇਕਾਂ ਰੰਗ ਸੰਗਤਾਂ ਨੂੰ ਦਿਖਾ ਚੁੱਕੇ ਹਨ ਜਿਵੇਂ ਕਿ ਫਰੀਮਾਂਟ ਗੁਰੂ ਘਰ ਵਿੱਚ ਮਾਰੂ ਹਥਿਆਰਾਂ ਨਾਲ ਲੜਾਈਆਂ ਕਰਕੇ, ਪੁਲਿਸਾਂ ਸੱਦਣ ਵਾਲੇ ਲੋਕ ਸੰਗਤ ਨੂੰ ਸਿਰ ਜੋੜ ਕੇ ਬੈਠਣ ਦਾ ਉਪਦੇਸ਼ ਦਿੰਦੇ ਹਨ ਅਤੇ ਲੱਖਾਂ ਡਾਲਰ ਖਰਚ ਕੇ ਸੰਗਤ ਨੂੰ ਵੋਟ ਦਾ ਹੱਕ ਲੈ ਕੇ ਦੇਣ ਦਾ ਢੰਡੋਰਾ ਪਿਟਣ ਵਾਲੇ ਲੋਕ ਅੱਜ ਹਰ ਹੀਲਾ ਵਰਤ ਕੇ ਸੰਗਤ ਤੋਂ ਵੋਟ ਦਾ ਹੱਕ ਖੋਹਣਾ ਚਾਹੁੰਦੇ ਹਨ।

* ਭਾਈ ਰਾਮ ਸਿੰਘ 'ਤੇ ਭਾਈ ਗੁਰਮੀਤ ਸਿੰਘ ਦਸਣ ਕਿ ਇਹ ਕੋਰਟ ਕਚਿਹਰੀਆਂ ਰਾਹੀਂ ਵੋਟਾਂ ਦਾ ਹੱਕ ਪ੍ਰਾਪਤ ਕਰਨ ਸਮੇਂ ਗਲਤ ਸਨ ਜਾਂ ਹੁਣ ਅਖੌਤੀ ਸਿੱਖ ਪੰਚਾਇਤ ਰਾਹੀਂ ਵੋਟ ਪ੍ਰਣਾਲੀ ਨੂੰ ਬੰਦ ਕਰਨ ਸਮੇਂ ਗਲਤ ਹਨ ? ਜਿਥੇ ਵੀ ਇਹ ਗਲਤ ਹਨ, ਉਥੇ ਹੀ ਇਹਨਾਂ ਨੇ ਆਪਣੀ ਗਲਤੀ ਸੰਗਤਾਂ ਪਾਸੋਂ ਮੀਡੀਏ ਰਾਹੀਂ ਕਿਉਂ ਨਹੀਂ ਮੰਨੀ ? ਜੇ ਇਹ ਲੋਕ ਆਪਣੀਆਂ ਗਲਤੀਆਂ ਮੰਨਣ ਨੂੰ ਤਿਆਰ ਨਹੀਂ ਤਾਂ ਇਨ੍ਹਾਂ ਲੋਕਾਂ ਤੇ ਕਿਵੇਂ ਇਤਬਾਰ ਕੀਤਾ ਜਾਵੇ ਕਿ ਇਹ ਲੋਕ ਅਗੋਂ ਹੋਰ ਗਲਤੀਆਂ ਕਰਕੇ ਗੁਰੂ ਘਰ ਦਾ ਅਤੇ ਸੰਗਤਾਂ ਦਾ ਕੋਈ ਨੁਕਸਾਨ ਨਹੀਂ ਕਰਨਗੇ ? ਪਰ ਬੇ ਏਰੀਆ ਸਿੱਖ ਅਲਾਇੰਸ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਕੀਤੇ ਬਗੈਰ, ਵੋਟਰਾਂ ਦੇ ਹੱਕਾਂ ਦਾ ਪਹਿਰੇਦਾਰ ਬਣਿਆ ਹੋਇਆ ਹੈ। ਯਾਦ ਰਹੇ ਆਪੂ ਬਣੀ ਸਿੱਖ ਪੰਚਾਇਤ ਦੇ ਆਗੂਆਂ ਨੇ ਪਿਛਲੇ ਸਮੇਂ ਵਿੱਚ ਇੱਕ ਦੂਜੇ 'ਤੇ ਚਿੱਕੜ ਸੁਟਣ ਲਈ ਜਿਵੇਂ ਪੰਜਾਬੀ ਅਖਬਾਰਾਂ ਅਤੇ ਅਮੈਰਕਨ ਮੀਡੀਏ ਵਿੱਚ ਜੋ ਅੱਤ ਦੀ ਘਟੀਆ ਸ਼ਬਦਾਵਲੀ ਵਰਤੀ ਸੀ ਜਿਸ ਨਾਲ ਸਿੱਖ ਕੌਮ ਦਾ ਜੋ ਨੁਕਸਾਨ ਅਮਰੀਕਨ ਲੋਕਾਂ ਦੇ ਮੂਹਰੇ ਹੋਇਆ ਉਸ ਨੂੰ ਇਹ ਬਾਰ ਬਾਰ ਜੰਨਮ ਲੈ ਕੇ ਵੀ ਧੋ ਨਹੀਂ ਸਕਣਗੇ। ਇਸ ਕਰਕੇ ਸਾਡੀ ਸਿੱਖ ਸੰਗਤ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਸਿੱਖ ਪੰਚਾਇਤ ਦੇ ਇਨ੍ਹਾਂ ਮੌਕਾ ਪ੍ਰਸਤ ਆਗੂਆਂ ਨੂੰ ਇਨ੍ਹਾਂ ਦੀਆਂ ਅਪ੍ਰੋਕਤ ਗਲਤੀਆਂ ਦਾ ਸਬਕ ਸਿਖਾਉਣ ਲਈ, ਬੇ ਏਰੀਆ ਸਿੱਖ ਅਲਾਇੰਸ ਦੇ ਉਮੀਦਵਾਰਾਂ ਨੂੰ ਜਿਤਾਉਣਾ ਆਪਣਾ ਫਰਜ਼ 'ਤੇ ਸਮੇਂ ਦੀ ਮੁੱਖ ਮੰਗ ਹੈ।

* ਆਪਣੇ ਆਪ ਨੂੰ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਉੱਤੇ ਸਦਾ ਲਈ ਬਣੇ ਰਹਿਣ ਲਈ, ਅਚਨਚੇਤ ਜਨਮੀ ਸਿੱਖ ਪੰਚਾਇਤ ਦੇ ਤਕਰੀਬਨ 35 ਅਖੌਤੀ ਪੰਚਾਈਤੀਆਂ ਦੇ ਇਕੱਠ ਨੂੰ ਗੁਰਮਤੇ ਦੇ ਨਾਮ ਰਾਹੀਂ ਵੋਟਾਂ ਦਾ ਵਿਰੋਧ ਕਰਕੇ ਆਪਣੇ ਆਪ ਨੂੰ ਸਹੀ ਸਿੱਧ ਕਰ ਰਹੇ ਹਨ। ਤਾਂ ਫਿਰ ਇਹ ਵੀ ਸਿੱਧ ਕਰਨ ਕਿ ਚੋਣਾਂ ਦਾ ਹੱਕ ਪ੍ਰਾਪਤ ਕਰਨ ਲਈ ਗੁਰੂ ਘਰ ਦੇ ਜਾਂ ਸਗੰਤਾਂ ਦੇ ਲੱਖਾਂ ਡਾਲਰ ਕਿਹੜੇ ਲੋਕਾਂ ਨੇ ਬਰਬਾਦ ਕੀਤੇ ਹਨ ?

* ਅਖੌਤੀ ਸਿੱਖ ਪੰਚਾਇਤ ਦੇ ਆਗੂ, ਭਾਈ ਰਾਮ ਸਿੰਘ ਅਤੇ ਭਾਈ ਗੁਰਮੀਤ ਸਿੰਘ ਦਸਣ ਕਿ ਜੇ ਇਹ ਦੋਨੋਂ ਸਜਣ ਹੁਣ ਚੋਣ ਸਿਸਟਮ ਬੰਦ ਕਰਵਾਉਣ ਵੇਲੇ ਸਹੀ ਹਨ ਤਾਂ ਫਿਰ ਇਨ੍ਹਾਂ ਨੇ ਕੋਰਟ ਕਚਿਹਰੀਆਂ ਰਾਹੀਂ ਵੋਟਾਂ ਦਾ ਹੱਕ ਪ੍ਰਾਪਤ ਕਰਨ ਲਈ ਸੰਗਤਾਂ ਦੇ ਲੱਖਾਂ ਡਾਲਰਾਂ ਦਾ ਨੁਕਸਾਨ ਕਿਸ ਮਾੜੀ ਨੀਅਤ ਨਾਲ ਕਰਵਾਇਆ ਸੀ ? ਕੀ ਇਹ ਭਟਕੇ ਹੋਏ ਆਗੂ ਆਪਣੀ ਅਖੌਤੀ ਸਿੱਖ ਪੰਚਾਇਤ ਰਾਹੀਂ, ਸੰਗਤਾਂ ਦੇ ਲੱਖਾਂ ਡਾਲਰਾਂ ਦਾ ਨੁਕਸਾਨ ਪੂਰਾ ਕਰ ਸਕਦੇ ਹਨ ਅਤੇ ਆਪਣੇ ਗੱਲ ਵਿੱਚ ਪਲਾ ਪਾ ਕੇ ਸੰਗਤ ਤੋਂ ਗੁਰੂ ਘਰ ਦੇ ਹੋਏ ਲੱਖਾਂ ਡਾਲਰਾਂ ਦੇ ਨੁਕਸਾਨ ਦੀ ਜੁਮੇਵਾਰੀ ਕਬੂਲਦੇ ਹੋਏ ਮਾਫੀ ਮੰਗਣਗੇ ? ਜੇ ਨਹੀਂ ਤਾਂ ਫਿਰ ਇਹ ਲੋਕ ਅਖੌਤੀ ਸਿੱਖ ਪੰਚਾਇਤ ਰਾਹੀਂ ਵੀ ਗੁਰੂ ਘਰ ਦਾ ਕੋਈ ਫਾਇਦਾ ਨਹੀਂ ਕਰ ਸਕਦੇ ਬਲਕਿ ਅਗੋਂ ਹੋਰ ਵੀ ਨੁਕਸਾਨ ਕਰਨ ਲਈ ਪਹਿਲਾਂ ਦੀ ਤਰ੍ਹਾਂ ਹੀ ਸੰਗਤਾਂ ਨੂੰ ਗੁਮਰਾਹ ਕਰਨਗੇ।

* ਅਖੌਤੀ ਸਿੱਖ ਪੰਚਾਇਤ 'ਚ ਇਕੱਠੇ ਹੋਏ ਇੱਕਾ ਦੁੱਕਾ ਗੱਰੁਪਾਂ ਨੇ, ਪਿਛੱਲੇ ਸਮਿਆਂ 'ਚ ਧੜੇਬੰਦੀਆਂ ਕਾਇਮ ਰੱਖੀਆਂ ਅਤੇ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਕੋਰਟਾਂ ਕਚਿਹਰੀਆਂ ਚ ਫਸੇ ਰਹੇ। ਕੋਰਟਾਂ ਦੀਆਂ ਲੰਮੀਆਂ ਖੱਜਲ ਖੁਆਰੀਆਂ ਤੋਂ ਅੱਕ ਥੱਕ ਕੇ, ਹੁਣ ਇਨ੍ਹਾਂ ਲੋਕਾਂ ਨੇ ਕਿਸੇ ਚਾਣਕੀਆਂ ਨੀਤੀ ਦੇ ਤਹਿਤ, ਅਖੌਤੀ ਸਰਬਸੰਮਤੀ ਰਾਹੀਂ ਅਖੌਤੀ ਗੁਰਮੱਤੇ ਦਾ ਖੂਬਸੂਰਤ ਡਰਾਮਾ ਖੇਡਿਆ ਹੈ। ਇਨ੍ਹਾਂ ਦੀ ਆਪਸੀ ਨਿਜੀ ਏਕਤਾ ਦੇ ਡਰਾਮੇ ਨੂੰ ਪੰਥਕ ਏਕਤਾ ਅਤੇ ਗੁਰਮੱਤੇ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਇਸ ਡਰਾਮੇ ਨੂੰ, ਸਿੱਖ ਵੋਟਰਾਂ ਦੇ ਹੱਕਾਂ ਨਾਲ ਖੇਲਣ ਤੋਂ ਰੋਕਣ ਲਈ, ਬੇ ਏਰੀਆਂ ਸਿੱਖ ਅਲਾਇੰਸ ਵੋਟਰਾਂ ਦੇ ਹੱਕਾਂ ਦਾ ਪਹਿਰੇਦਾਰ ਬਣ ਕੇ ਅਗੇ ਆਇਆ ਹੈ।

* ਜੇ ਕਰ ਅਸੀਂ ਵੋਟਰਾਂ ਦੇ ਹੱਕਾਂ ਦੀ ਆਵਾਜ਼ ਬਣ ਕੇ, ਚੋਣਾਂ ਕਰਵਾਉਣ ਦੇ ਹੱਕ ਵਿੱਚ ਨਹੀਂ ਖੜਦੇ ਤਾਂ ਆਉਣ ਵਾਲੇ ਸਮੇਂ 'ਚ ਅਖੌਤੀ ਸਿੱਖ ਪੰਚਾਇਤ ਵਾਲਿਆਂ ਨੇ ਫਰੀਮਾਂਟ ਗੁਰੂ ਘਰ 'ਤੇ ਕਬਜਾ ਜੰਮਾਈ ਰੱਖਣਾ ਹੈ ਅਤੇ ਆਪਣੀ ਮਰਜੀ ਦੇ ਨਾਮ ਐਲਾਨਦੇ ਰਹਿਣਗੇ। ਇਹਨਾਂ ਦੇ ਅਖੌਤੀ ਐਲਾਨ ਨਾਮਿਆਂ ਦੀ ਰੋਕਥਾਮ ਲਈ, ਬੇ ਏਰੀਆ ਸਿੱਖ ਅਲਾਇੰਸ ਵੋਟਰਾਂ ਦੇ ਹੱਕਾਂ ਦਾ ਪਹਿਰੇਦਾਰ ਬਣ ਕੇ ਅਗੇ ਆਇਆ ਹੈ।

* ਹੁਣ ਸੂਝਵਾਨ ਸਿੱਖ ਵੋਟਰ, ਆਪਣੀ ਇਛਾ ਅਨੁਸਾਰ ਚੋਣ ਪ੍ਰਕਿਰਿਆ ਰਾਹੀਂ ਕਿਸੇ ਵੀ ਯੋਗ ਸੇਵਾਦਾਰ ਨੂੰ ਚੁਣ ਸਕਦੇ ਹਨ। ਪਰ ਅਖੌਤੀ ਸਰਬਸਮੰਤੀ ਦੇ ਅਖੌਤੀ ਗੁਰਮੱਤੇ ਰਾਹੀਂ ਸਿੱਖ ਵੋਟਰਾਂ ਦਾ ਹੱਕ ਮਾਰਿਆ ਜਾ ਰਿਹਾ ਹੈ। ਵੋਟਰਾਂ ਦੇ ਹੱਕ ਨੂੰ ਬਚਾਉਣ ਲਈ, ਬੇ ਏਰੀਆ ਸਿੱਖ ਅਲਾਇੰਸ ਵੋਟਰਾਂ ਦੇ ਹੱਕਾਂ ਦਾ ਪਹਿਰੇਦਾਰ ਬਣ ਕੇ ਅਗੇ ਆਇਆ ਹੈ।

* ਬੇ ਏਰੀਆ ਸਿੱਖ ਅਲਾਇੰਸ ਨੂੰ ਫਰੀਮਾਂਟ ਗੁਰੂ ਘਰ ਦੇ ਚੋਣ ਪ੍ਰਕਿਰਿਆ ਵਿੱਚ ਸਿੱਖ ਵੋਟਰਾਂ ਵੱਲੋਂ ਮਿਲ ਰਹੇ ਪੁਰਜੋਰ ਸਹਿਯੋਗ ਨੂੰ ਦੇਖ ਸੁਣ ਕੇ, ਅਖੌਤੀ ਸਿੱਖ ਪੰਚਾਇਤ ਵਿੱਚ ਕਾਫੀ ਘਬਰਾਹਟ ਅਤੇ ਬੇਚੈਨੀ ਪਾਈ ਜਾ ਰਹੀ ਹੈ। ਜਿਸ ਕਾਰਨ ਬੇ ਏਰੀਆ ਸਿੱਖ ਅਲਾਇੰਸ ਦੇ ਸਾਥੀਆਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਕੋਝੀਆਂ ਹਰਕਤਾਂ ਰਾਹੀਂ ਬਦਨਾਮ ਕਰਨ ਦੀਆਂ ਕੋਸ਼ਿਸ਼ ਕੀਤੀਆਂ ਜਾ ਰਹੀਆਂ ਹਨ। ਅਸੀਂ ਸਾਡੇ ਸਮੂੰਹ ਵੋਟਰਾਂ ਤੇ ਸਪੋਰਟਰਾਂ ਨੂੰ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਦੇ ਭੁਲੇਖੇ ਪਾਊ ਪ੍ਰਚਾਰ ਤੋਂ ਬਚਣ। ਅਸੀਂ ਸਮੁਚੀ ਸੰਗਤ ਨੂੰ ਸੂਚਿਤ ਕਰਦੇ ਹਾਂ ਕਿ ਜੇ ਸਾਡੇ ਕਿਸੇ ਵੀ ਮੈਂਬਰ ਦਾ ਕੋਈ ਵੀ ਜਾਨੀ ਜਾਂ ਮਾਲੀ ਨੁਕਸਾਨ ਹੋਇਆ ਤਾਂ ਇਸ ਦੀ ਸਿਧੀ ਜੁਮੇਵਾਰੀ ਮੌਜੂਦਾ ਪ੍ਰਬੰਧਕਾਂ ਦੀ ਹੋਵੇਗੀ।

* ਸਾਧ ਸੰਗਤ ਜੀ, ਅਖੌਤੀ ਸਿੱਖ ਪੰਚਾਇਤ ਦੀਆਂ ਆਪ ਹੁਦਰੀਆਂ ਅਤੇ ਵਧੀਕੀਆਂ ਦੇ ਵਿਰੁਧ ਬੜੇ ਹੀ ਜੋਸ਼ ਨਾਲ ਠਾਠਾਂ ਮਾਰਦੇ ਇੱਕਠ ਦਾ ਨਾਮ ਹੈ 'ਬੇ ਏਰੀਆ ਸਿੱਖ ਅਲਾਇੰਸ'। ਇਸ ਅਲਾਇੰਸ ਦੀ ਸਮੁੱਚੀ ਪਾਰਟੀ ਇੱਕ ਖੁੱਲੀ ਕਿਤਾਬ ਵਾਂਗ ਤੁਹਾਡੇ ਸਾਹਮਣੇ ਹੈ। ਸੰਗਤਾਂ ਦੀ ਸਹੂਲਤ ਲਈ, ਸੰਗਤਾਂ ਦੀ ਮਨਜ਼ੂਰੀ ਨਾਲ ਹੀ ਪ੍ਰੋਜੈਕਟ ਉਲੀਕੇ ਜਾਣਗੇ ਅਤੇ ਸੰਗਤਾਂ ਦੇ ਸਹਿਯੋਗ ਨਾਲ ਹੀ ਪੂਰੇ ਕੀਤੇ ਜਾਣਗੇ। ਸੰਗਤਾਂ ਦੇ ਸਹਿਯੋਗ ਨਾਲ ਹੀ ਪਿਛਲੇ ਸਮਿਆਂ ਦਾ ਹਿਸਾਬ ਕਿਤਾਬ ਆਡਟ ਕਰਵਾਇਆ ਜਾਵੇਗਾ।

## ਸਿੱਖ ਵੋਟਰਾਂ ਦੇ ਹੱਕਾਂ ਨੂੰ ਬਰਕਰਾਰ ਰੱਖਣ ਲਈ, ਹੰਭਲਾ ਸਾਡਾ-ਸਾਥ ਤੁਹਾਡਾ।

## ਤੁਹਾਡੇ ਮਿਲਵਰਤਣ ਅਤੇ ਵੋਟਾਂ ਦੀ ਉਡੀਕ ਰਹੇਗੀ।

# ਜਾਰੀ ਕਰਤਾ :- ਬੇ ਏਰੀਆ ਸਿੱਖ ਅਲਾਇੰਸ

ਪੇਡ ਇਸ਼ਤਿਹਾਰ

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਅਤੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਕਰਾਮੈਂਟੋ ਦੇ ਵਿਸ਼ਾਲ ਨਗਰ ਕੀਰਤਨ ਦੀਆਂ ਸਮੂਹ ਸਾਧ ਸੰਗਤ ਨੂੰ

**ਲੱਖ-ਲੱਖ ਵਧਾਈਆਂ**

ਆਓ ਆਪਾਂ ਸਾਰੇ ਰਲ- ਮਿਲ ਕੇ 9 ਮਾਰਚ ਨੂੰ ਸੈਕਰਾਮੈਂਟੋ, 16 ਮਾਰਚ ਨੂੰ ਸੈਲਮਾ ਤੇ 30 ਮਾਰਚ ਨੂੰ ਬੇ-ਏਰੀਆ ਵਿਖੇ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# ਸਲਿੰਦਰ ਨਰ ਅਤੇ ਸਮੂਹ ਪਰਿਵਾਰ

## S. N. Transport. Selma. 1326 Sarah Street, Selma C.A. 93662

Guru Ravidass Temple Selma, 2650 Bline Ave; Selma, CA 93662 (Ph- 559-891-8286)

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਅਤੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਕਰਾਮੈਂਟੋ ਦੇ ਵਿਸ਼ਾਲ ਨਗਰ ਕੀਰਤਨ ਦੀਆਂ ਸਮੂਹ ਸਾਧ ਸੰਗਤ ਨੂੰ

**ਲੱਖ-ਲੱਖ ਵਧਾਈਆਂ**

ਆਓ ਆਪਾਂ ਸਾਰੇ ਰਲ- ਮਿਲ ਕੇ 9 ਮਾਰਚ ਨੂੰ ਸੈਕਰਾਮੈਂਟੋ, 16 ਮਾਰਚ ਨੂੰ ਸੈਲਮਾ ਤੇ 30 ਮਾਰਚ ਨੂੰ ਬੇ-ਏਰੀਆ ਵਿਖੇ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# ਰਜਿੰਦਰ ਸਿੰਘ ਗੰਗੜ ਵਾਈਸ ਚੇਅਰਮੈਨ

## ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੀਫੋਰਨੀਆ)

# ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਅਤੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਕਰਾਮੈਂਟੋ ਦੇ ਵਿਸ਼ਾਲ ਨਗਰ ਕੀਰਤਨ ਦੀਆਂ ਸਮੂਹ ਸਾਧ ਸੰਗਤ ਨੂੰ

**ਲੱਖ-ਲੱਖ ਵਧਾਈਆਂ**

ਆਓ ਆਪਾਂ ਸਾਰੇ ਰਲ- ਮਿਲ ਕੇ 9 ਮਾਰਚ ਨੂੰ ਸੈਕਰਾਮੈਂਟੋ, 16 ਮਾਰਚ ਨੂੰ ਸੈਲਮਾ ਤੇ 30 ਮਾਰਚ ਨੂੰ ਬੇ-ਏਰੀਆ ਵਿਖੇ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# ਡਾ. ਹਰਮੇਸ਼ ਕੁਮਾਰ

## ਪ੍ਰਸਿੱਧ ਸਮਾਜ ਸੇਵੀ ਅਤੇ ਕਮਿਊਨਿਟੀ ਲੀਡਰ

**(925) 285-9881**




ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਅਤੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਦੀਆਂ ਸਮੂਹ ਸਾਧ ਸੰਗਤ ਨੂੰ

**ਲੱਖ-ਲੱਖ ਵਧਾਈਆਂ**

